# ਬੀ.ਸੀ. ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰ ਰਹੇ ਲੋਕਾਂ ਦੀ ਡੀਕ੍ਰਿਮੀਨਲਾਈਜ਼ੇਸ਼ਨ (ਗੈਰ-ਅਪਰਾਧੀਕਰਨ)

ਡੀਕ੍ਰਿਮੀਨਲਾਈਜ਼ੇਸ਼ਨ ਬੀ.ਸੀ. ਵਿੱਚ 18+ ਦੀ ਉਮਰ ਦੇ ਬਾਲਗਾਂ ਨੂੰ ਕੁਝ ਗੈਰ-ਕਨੂੰਨੀ ਨਸ਼ੀਲੇ ਪਦਾਰਥਾਂ ਦੀ ਥੋੜ੍ਹੀ ਮਾਤਰਾ ਵਿਸ਼ੇਸ਼ ਥਾਂਵਾਂ 'ਤੇ ਨਿੱਜੀ ਵਰਤੋਂ ਲਈ ਰੱਖਣ (ਹੋਲਡ) ਦੀ ਆਗਿਆ ਦਿੰਦੀ ਹੈ (ਓਪੀਔਇਡਜ਼, ਕ੍ਰੈਕ ਅਤੇ ਪਾਊਡਰ ਕੋਕੇਨ, ਮੈਥਾਮਫੈਟਾਮੀਨ, MDMA)।

## ਕਿਉਂ

ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨਾ ਇੱਕ ਜਨਤਕ ਸਿਹਤ ਦਾ ਮੁੱਦਾ ਹੈ, ਅਪਰਾਧਕ ਮੁੱਦਾ ਨਹੀਂ ਹੈ। ਡੀਕ੍ਰਿਮੀਨਲਾਈਜ਼ੇਸ਼ਨ (ਗੈਰ-ਕਨੂੰਨੀ ਨਸ਼ੀਲੇ ਪਦਾਰਥਾਂ ਨੂੰ ਨਿੱਜੀ ਵਰਤੋਂ ਲਈ ਆਪਣੇ ਕੋਲ ਰੱਖਣ ਨੂੰ ਅਪਰਾਧ ਦੇ ਦਾਇਰੇ 'ਚੋਂ ਬਾਹਰ ਕਰਨ ਦੀ ਛੋਟ) ਅਪਰਾਧਿਕ ਪੈਰਵੀ ਦੇ ਬਦਨਾਮੀ ਦੇ ਡਰ ਅਤੇ ਭੈ ਨੂੰ ਘਟਾਉਣ ਵਿੱਚ ਮਦਦ ਕਰਦੀ ਹੈ, ਜੋ ਲੋਕਾਂ ਨੂੰ ਮਦਦ ਲਈ ਪਹੁੰਚ ਕਰਨ ਤੋਂ ਰੋਕਦਾ ਹੈ। ਡੀਕ੍ਰਿਮੀਨਲਾਈਜ਼ੇਸ਼ਨ ਨੂੰ ਵਿਸ਼ੇਸ਼ ਥਾਂਵਾਂ ਤੱਕ ਸੀਮਤ ਕਰਨਾ ਇਸ ਟੀਚੇ ਨੂੰ ਇਹ ਯਕੀਨੀ ਬਣਾਉਣ ਦੀ ਮਹੱਤਤਾ ਨਾਲ ਸੰਤੁਲਿਤ ਕਰਦਾ ਹੈ ਕਿ ਜਨਤਕ ਥਾਂਵਾਂ ਭਾਈਚਾਰੇ ਦੇ ਸਾਰੇ ਮੈਂਬਰਾਂ ਲਈ ਸੁਰੱਖਿਅਤ ਅਤੇ ਪਹੁੰਚਯੋਗ ਰਹਿਣ।

## ਕੌਣ

ਬੀ.ਸੀ. ਵਿੱਚ 18+ ਉਮਰ ਦੇ ਬਾਲਗ। ਇਹ 18 ਸਾਲ ਤੋਂ ਘੱਟ ਉਮਰ ਦੇ ਲੋਕਾਂ 'ਤੇ ਲਾਗੂ ਨਹੀਂ ਹੁੰਦੀ।

## ਕਦੋਂ

7 ਮਈ 2024 ਤੋਂ,
31 ਜਨਵਰੀ, 2026 ਤੱਕ।

## ਕਿੱਥੇ

ਬੀ.ਸੀ. ਵਿੱਚ ਨਿੱਜੀ ਰਿਹਾਇਸ਼ਾਂ, ਉਹ ਥਾਂਵਾਂ ਜਿੱਥੇ ਬਿਨਾਂ ਘਰ ਵਾਲੇ ਵਿਅਕਤੀ ਕਨੂੰਨੀ ਤੌਰ 'ਤੇ ਪਨਾਹ ਲੈ ਰਹੇ ਹਨ, ਓਵਰਡੋਜ਼ ਰੋਕਥਾਮ, ਨਸ਼ੀਲੇ ਪਦਾਰਥਾਂ ਦੀ ਜਾਂਚ, ਅਤੇ ਦੇਖ-ਰੇਖ ਅਧੀਨ ਨਸ਼ੇ ਦੀ ਵਰਤੋਂ ਵਾਲੀਆਂ ਥਾਵਾਂ, ਅਤੇ ਉਹ ਥਾਂਵਾਂ ਜੋ ਆਊਟ-ਪੇਸ਼ੈਂਟ ਐਡਿਕਸ਼ਨ ਸੇਵਾਵਾਂ ਪ੍ਰਦਾਨ ਕਰਦੀਆਂ ਹਨ।

## ਕਿਹੜੇ ਨਸ਼ੀਲੇ ਪਦਾਰਥ ਡੀਕ੍ਰਿਮੀਨਲਾਈਜ਼ਡ ਹਨ

ਬੀ.ਸੀ. ਵਿੱਚ 18+ ਦੀ ਉਮਰ ਦੇ ਬਾਲਗਾਂ ਨੂੰ ਇਨ੍ਹਾਂ ਗੈਰ-ਕਨੂੰਨੀ ਨਸ਼ੀਲੇ ਪਦਾਰਥਾਂ ਦੀ 2.5 ਗ੍ਰਾਮ ਦੇ ਬਰਾਬਰ ਜਾਂ ਇਸ ਤੋਂ ਘੱਟ ਮਾਤਰਾ, ਨਿੱਜੀ ਵਰਤੋਂ ਲਈ ਰੱਖਣ (ਹੋਲਡ) ਦੀ ਆਗਿਆ ਹੈ:

- ਓਪੀਔਇਡਜ਼ (ਜਿਸ ਵਿੱਚ ਹੈਰੋਇਨ, ਮੋਰਫੀਨ ਅਤੇ ਫੈਂਟਾਨਿਲ ਸ਼ਾਮਲ ਹਨ)
- ਕੋਕੇਨ (ਜਿਸ ਵਿੱਚ ਕ੍ਰੈਕ ਅਤੇ ਪਾਊਡਰ ਕੋਕੇਨ ਸ਼ਾਮਲ ਹਨ)
- ਮੈਥਾਮਫੈਟਾਮੀਨ (ਮੈਥ)
- MDMA (ਐਕਸਟੇਸੀ)

ਡੀਕ੍ਰਿਮੀਨਲਾਈਜ਼ੇਸ਼ਨ ਇੱਥੇ ਲਾਗੂ ਹੁੰਦੀ ਹੈ:

- ਨਿੱਜੀ ਰਿਹਾਇਸ਼ਾਂ
- ਉਹ ਥਾਂਵਾਂ ਜਿੱਥੇ ਬਿਨਾਂ ਘਰ ਵਾਲੇ ਵਿਅਕਤੀ ਕਨੂੰਨੀ ਤੌਰ 'ਤੇ ਪਨਾਹ ਲੈ ਰਹੇ ਹਨ (ਇੰਡੋਰ ਅਤੇ ਆਊਟਡੋਰ ਥਾਂਵਾਂ)
- ਓਵਰਡੋਜ਼ ਦੀ ਰੋਕਥਾਮ, ਨਸ਼ੀਲੇ ਪਦਾਰਥਾਂ ਦੀ ਜਾਂਚ ਅਤੇ ਦੇਖ-ਰੇਖ ਹੇਠ ਨਸ਼ੇ ਦੀ ਵਰਤੋਂ ਵਾਲੀਆਂ ਸਾਈਟਾਂ
- ਉਹ ਥਾਂਵਾਂ ਜੋ ਆਊਟ-ਪੇਸ਼ੈਂਟ ਐਡਿਕਸ਼ਨ ਸੇਵਾਵਾਂ ਪ੍ਰਦਾਨ ਕਰਦੀਆਂ ਹਨ

ਇਨ੍ਹਾਂ ਥਾਵਾਂ 'ਤੇ, 18+ ਉਮਰ ਦੇ ਬਾਲਗਾਂ ਨੂੰ ਗਿਰਫ਼ਤਾਰ ਨਹੀਂ ਕੀਤਾ ਜਾਵੇਗਾ, ਚਾਰਜ ਨਹੀਂ ਕੀਤਾ ਜਾਵੇਗਾ, ਜੁਰਮਾਨਾ ਨਹੀਂ ਕੀਤਾ ਜਾਵੇਗਾ ਜਾਂ ਨਸ਼ੀਲੇ ਪਦਾਰਥ ਜ਼ਬਤ ਨਹੀਂ ਕੀਤੇ ਜਾਣਗੇ। ਇਸ ਦੀ ਬਜਾਏ, ਲੋਕਾਂ ਨੂੰ ਸਵੈ-ਇੱਛਤ ਸਿਹਤ ਸੰਭਾਲ ਅਤੇ ਸਮਾਜਕ ਸੇਵਾਵਾਂ ਸੰਬੰਧੀ ਜਾਣਕਾਰੀ ਦੀ ਪੇਸ਼ਕਸ਼ ਕੀਤੀ ਜਾਵੇਗੀ।

## ਬੀ.ਸੀ. ਵਿੱਚ ਕੀ ਗੈਰ-ਕਨੂੰਨੀ ਰਹੇਗਾ

18+ ਉਮਰ ਦੇ ਬਾਲਗ ਆਪਣੇ ਕੋਲ ਇਹ ਨਹੀਂ ਰੱਖ ਸਕਦੇ:

- ਛੋਟ ਵਿੱਚ ਸ਼ਾਮਲ ਕੀਤੇ ਗਏ ਨਸ਼ੀਲੇ ਪਦਾਰਥਾਂ ਦੀ ਕੁੱਲ 2.5 ਗ੍ਰਾਮ ਤੋਂ ਵੱਧ ਮਾਤਰਾ
- ਹੋਰ ਗੈਰ-ਕਨੂੰਨੀ ਨਸ਼ੀਲੇ ਪਦਾਰਥਾਂ ਦੀ ਕੋਈ ਵੀ ਮਾਤਰਾ ਜੋ ਛੋਟ ਵਿੱਚ ਸ਼ਾਮਲ ਨਹੀਂ ਕੀਤੀ ਗਈ ਹੈ
- ਹਸਪਤਾਲਾਂ, ਕਾਰੋਬਾਰਾਂ, ਟ੍ਰਾਂਜ਼ਿਟ ਅਤੇ ਪਾਰਕਾਂ ਵਰਗੀਆਂ ਜਨਤਕ ਥਾਵਾਂ 'ਤੇ ਨਸ਼ੀਲੇ ਪਦਾਰਥਾਂ ਦੀ ਕੋਈ ਵੀ ਮਾਤਰਾ

ਜਨਤਕ ਤੌਰ 'ਤੇ ਵਰਤੋਂ ਗੈਰ-ਕਨੂੰਨੀ ਰਹਿਣੀ ਜਾਰੀ ਹੈ, ਸਿਵਾਏ ਛੋਟ ਦੇ ਅਧੀਨ ਸ਼ਾਮਲ ਥਾਂਵਾਂ ਵਿੱਚ।

18 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਕੋਲ ਕਿਸੇ ਵੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਨਹੀਂ ਹੋ ਸਕਦੇ।

ਵਰਜਿਤ ਨਸ਼ੀਲੇ ਪਦਾਰਥ ਕਨੂੰਨੀ ਨਹੀਂ ਹਨ। ਇਨ੍ਹਾਂ ਨਾਲ ਅਜਿਹਾ ਕਰਨ 'ਤੇ ਰੋਕ ਹੈ

- ਆਯਾਤ ਅਤੇ ਨਿਰਯਾਤ
- ਉਤਪਾਦਨ
- ਤਸਕਰੀ
- ਖੇਤਰੀ ਜਾਂ ਅੰਤਰਰਾਸ਼ਟਰੀ ਸਰਹੱਦ ਪਾਰ ਲੈਕੇ ਜਾਣਾ

ਸੰਸਕਰਣ: 28 ਜੂਨ, 2024
ਤਾਜ਼ਾ ਜਾਣਕਾਰੀ ਅਤੇ ਛੋਟਾਂ ਦੀ ਪੂਰੀ ਸੂਚੀ ਲਈ, ਕਿਰਪਾ ਕਰਕੇ **www.gov.bc.ca/Decriminalization** 'ਤੇ ਜਾਓ

BRITISH COLUMBIA
Ministry of Mental Health and Addictions

## ਸੋਧੀ ਹੋਈ ਛੋਟ ਦੇ ਤਹਿਤ ਡੀਕ੍ਰਿਮੀਨਲਾਈਜ਼ੇਸ਼ਨ ਕਿੱਥੇ ਲਾਗੂ ਹੁੰਦੀ ਹੈ?

ਕਿਸੇ ਨਿੱਜੀ ਰਿਹਾਇਸ਼ ਦੇ ਅੰਦਰ: ਨਿੱਜੀ ਰਿਹਾਇਸ਼ ਇੱਕ ਇਮਾਰਤ, ਇਮਾਰਤ ਦਾ ਹਿੱਸਾ, ਜਾਂ ਟ੍ਰੇਲਰ ਹੁੰਦਾ ਹੈ ਜੋ ਵਿਸ਼ੇਸ਼ ਤੌਰ 'ਤੇ ਰਿਹਾਇਸ਼ੀ ਉਦੇਸ਼ਾਂ ਲਈ ਵਰਤਿਆ ਜਾਂਦਾ ਹੈ, ਅਤੇ ਇਸ ਵਿੱਚ ਵਸਨੀਕਾਂ ਦੁਆਰਾ ਵਰਤਣ ਲਈ, ਨਾਲ ਲੱਗਦੀ ਪ੍ਰੌਪਰਟੀ ਸ਼ਾਮਲ ਹੁੰਦੀ ਹੈ (ਉਦਾਹਰਨ ਲਈ ਇੱਕ ਨਿੱਜੀ ਬਾਲਕਨੀ ਜਾਂ ਬੈਕਯਾਰਡ)। ਇਹ ਕਿਸੇ ਹੋਟਲ, ਮੋਟਲ ਜਾਂ ਰਿਹਾਇਸ਼ ਲਈ ਵਰਤੀ ਜਾਂਦੀ ਹੋਰ ਫੈਸੀਲਿਟੀ ਵਿੱਚ ਇੱਕ ਪ੍ਰਾਈਵੇਟ ਗੈਸਟ ਰੂਮ ਵੀ ਹੋ ਸਕਦਾ ਹੈ।

ਉਹ ਥਾਂਵਾਂ ਜਿੱਥੇ ਬਿਨਾਂ ਘਰ ਵਾਲੇ ਵਿਅਕਤੀ ਕਨੂੰਨੀ ਤੌਰ 'ਤੇ ਪਨਾਹ ਲੈ ਰਹੇ ਹਨ: ਕੋਈ ਵਿਅਕਤੀ ਕਨੂੰਨੀ ਤੌਰ 'ਤੇ ਪਨਾਹ ਉਦੋਂ ਲੈ ਰਿਹਾ ਮੰਨਿਆ ਜਾਂਦਾ ਹੈ ਜੇ ਕਿਸੇ ਥਾਂ 'ਤੇ ਪਨਾਹ ਲੈਣ ਦੇ ਵਿਰੁੱਧ ਕੋਈ ਬਾਏ-ਲਾਅ ਨਹੀਂ ਹਨ। ਇਸ ਪਰਿਭਾਸ਼ਾ ਵਿੱਚ ਆਊਟਡੋਰ ਥਾਂਵਾਂ ਅਤੇ ਇੰਡੋਰ ਐਮਰਜੈਂਸੀ ਸ਼ੈਲਟਰ ਸ਼ਾਮਲ ਹਨ। ਪੁਲਿਸ ਮੰਨਦੀ ਹੈ ਕਿ ਲੋਕਾਂ ਕੋਲ ਵੱਖ-ਵੱਖ ਕਿਸਮਾਂ ਦੇ ਸ਼ੈਲਟਰ ਹੋ ਸਕਦੇ ਹਨ (ਉਦਾਹਰਨ ਲਈ, ਸਲੀਪਿੰਗ ਬੈਗ, ਟੈਂਟ, ਟਾਰਪ, ਆਦਿ) ਅਤੇ ਟੈਂਟ ਦੇ ਅੰਦਰ ਨਸ਼ੀਲੇ ਪਦਾਰਥਾਂ ਦੀ ਸਮੋਕਿੰਗ ਨੂੰ ਲੈਕੇ ਸੁਰੱਖਿਆ ਸੰਬੰਧੀ ਕੁਝ ਚੀਜ਼ਾਂ ਧਿਆਨ ਵਿੱਚ ਰੱਖੀਆਂ ਜਾ ਸਕਦੀਆਂ ਹਨ (ਉਦਾਹਰਨ ਲਈ, ਅੱਗ ਲੱਗਣ ਦਾ ਖਤਰਾ)। ਨੋਟ: ਡੀਕ੍ਰਿਮੀਨਲਾਈਜ਼ੇਸ਼ਨ ਲਾਗੂ ਬਾਏ-ਲਾਅ ਜਾਂ ਸ਼ੈਲਟਰ ਸੰਬੰਧੀ ਨੀਤੀਆਂ ਦੀ ਉਲੰਘਣਾ ਨਹੀਂ ਕਰਦੀ।

ਇੱਕ ਨਿਰਧਾਰਤ ਹੈਲਥ ਕੇਅਰ ਕਲੀਨਿਕ ਦੇ ਅੰਦਰ: ਨਾਮਜ਼ਦ ਹੈਲਥ ਕੇਅਰ ਕਲੀਨਿਕਾਂ ਵਿੱਚ ਉਹ ਸ਼ਾਮਲ ਹੁੰਦੇ ਹਨ ਜੋ ਮੁੱਖ ਤੌਰ 'ਤੇ ਹਾਰਮ ਰਿੱਡਕਸ਼ਨ ਜਾਂ ਨੁਕਸਾਨ ਘਟਾਉਣ ਦੀ ਪੇਸ਼ਕਸ਼ ਕਰਦੇ ਹਨ (ਉਦਾਹਰਨ ਲਈ ਓਵਰਡੋਜ਼ ਦੀ ਰੋਕਥਾਮ, ਨਸ਼ੀਲੇ ਪਦਾਰਥਾਂ ਦੀ ਜਾਂਚ ਅਤੇ ਦੇਖ-ਰੇਖ ਹੇਠ ਨਸ਼ੇ ਦੀ ਵਰਤੋਂ ਵਾਲੀਆਂ ਥਾਂਵਾਂ) ਜਾਂ ਆਊਟ-ਪੇਸ਼ੈਂਟ ਐਡਿਕਸ਼ਨ ਸੇਵਾਵਾਂ (ਉਦਾਹਰਨ ਲਈ ਤੇਜ਼ੀ ਨਾਲ ਪਹੁੰਚ ਵਾਲੇ ਐਡਿਕਸ਼ਨ ਕਲੀਨਿਕ ਜਾਂ ਹੋਰ ਕਮਿਊਨਿਟੀ-ਅਧਾਰਿਤ ਟ੍ਰੀਟਮੈਂਟ ਕਲੀਨਿਕ)।

BRITISH COLUMBIA
Ministry of Mental Health and Addictions